# ਹਵਾਈ ਗੋਲੇ

(ਇਹ ਨਾਟਕ ਦੇਸ਼ ਦੇ ਵਿਸ਼ਾਲ ਮੰਚ 'ਤੇ ਖੇਡਿਆ ਜਾ ਰਿਹਾ ਹੈ। ਇਸ ਮੰਚ ਦੇ ਤਿੰਨ ਵਿਸ਼ੇ ਹਨ। ਇਕ ਹਿੱਸਾ ਸਭ ਤੋਂ ਉਤਲੀ ਪੱਧਰ 'ਤੇ ਹੈ, ਇਥੇ ਲੋਕ-ਰਾਜੀ ਸਰਕਾਰ ਦੀ ਲੋਕ ਸਭਾ ਹੈ, ਇਥੇ ਦੋ ਪਾਤਰ ਸਰਕਾਰ ਅਤੇ ਆਪੋਜੀਸ਼ਨ ਆਪਣੀ ਨਾਟਕ-ਕਲਾ ਦਾ ਕਮਾਲ ਦੱਸਦੇ ਹਨ। ਦੂਸਰੀ ਪੱਧਰ 'ਤੇ ਇਕ ਸਰਕਾਰੀ ਦਫ਼ਤਰ ਹੈ, ਜਿਥੇ ਸਰਦਾਰ ਅਤੇ ਸਰਕਾਰੀ ਕਾਰਿੰਦਾ ਆਪਣੀ ਕਾਰਵਾਈ ਕਰਦਾ ਹੈ। ਧਰਤੀ ਦੀ ਪੱਧਰ 'ਤੇ ਦੇਸ਼ ਦੀ ਸਮੁੱਚੀ ਜਨਤਾ ਹੈ। ਨਾਟਕ ਸ਼ੁਰੂ ਹੋਣ ਤੇ ਪਿਛੋਕੜ 'ਤੇ ਆਵਾਜ਼ ਆਉਂਦੀ ਹੈ :

"ਲੋਕ ਸਭਾ ਦਾ ਸਰਦੀਆਂ ਦਾ ਸਮਾਗਮ ਸ਼ੁਰੂ ਹੋ ਗਿਆ ਹੈ, ਉਮੀਦ ਕੀਤੀ ਜਾਂਦੀ ਹੈ ਕਿ ਇਸਸਮਾਗਮ ਵਿਚ ਸਰਕਾਰ ਅਤੇ ਆਪੋਜੀਸ਼ਨ ਵਿਚ ਬੜੀ ਗਰਮਾ-ਗਰਮੀ ਹੋਵੇਗੀ।"

ਸਪਾਟ ਲਾਈਟ ਧਰਤੀ ਦੀ ਪੱਧਰ 'ਤੇ ਪੈਂਦੀ ਹੈ, ਜਿੱਥੇ ਇਕ ਸਾਧਾਰਨ ਆਦਮੀ ਬਾਵਰਾ ਜਿਹਾ ਹੋਇਆ ਦਿਸਦਾ ਹੈ। ਉਹ ਦਰਸ਼ਕਾਂ ਨੂੰ ਸੰਬੋਧਨ ਕਰਦਾ ਹੈ-)

ਆਦਮੀ : ਸਰਦੀਆਂ ਵਿਚ ਗਰਮਾ ਗਰਮੀ...ਹਾਂ ਹਾਂ... ਹਵਾ-ਅਨੁਕੂਲ ਲੋਕ ਸਭਾ ਵਿਚ ਗਰਮਾ ਗਰਮੀ...ਗਰਮਾ ਗਰਮੀ...ਤੁਸੀਂ ਪੁੱਛੋਗੇ ਇਹ ਮੇਰੇ ਹੱਥ ਵਿਚ ਕੀ ਏ ? ਇਹ ਦਵਾਈ ਦੀ ਸ਼ੀਸ਼ੀ ਏ...ਮੇਰਾ ਬੱਚਾ ਬਿਮਾਰ ਸੀ...ਮੈਂ ਉਹਦੇ ਲਈ ਇਹ ਦਵਾਈ ਬਾਜ਼ਾਰ ਤੋਂ ਲਿਆਇਆਂ... ਪਰ ਇਸ ਸ਼ੀਸ਼ੀ ਵਿਚ ਦਵਾਈ ਨਹੀਂ ਸੀ, ਜ਼ਹਿਰਸੀ...ਕਾਲੇ ਧਨ ਦਾ ਜ਼ਹਿਰ, ਕਾਲੇ ਬਾਜ਼ਾਰ ਦਾ ਜ਼ਹਿਰ, ਬੇਈਮਾਨੀ ਦਾ ਜ਼ਹਿਰ, ਮਿਲਾਵਟ ਦਾ ਜ਼ਹਿਰ... ਤੇ ਮੇਰਾ ਬੱਚਾ ਮਰ ਗਿਆ... ਹਾਂ ਹਾਂ ਮੇਰਾ ਬੱਚਾ ਮਰ ਗਿਆ...(ਪਾਗਲਾਂ ਵਾਂਗ ਹੱਸਦਾ ਹੈ, ਹੁਣ ਮੂਰਖ ਦਰਸ਼ਕ ਉਹਦੇ ਹਾਸੇ 'ਤੇ ਹੱਸਣ ਲੱਗ ਪੈਂਦੇ ਹਨ ਪਰ ਉਹ ਚੀਕ ਕੇ ਕਹਿੰਦਾ ਹੈ) ਤੁਸੀਂ ਹੱਸ ਰਹੇ ਹੋ, ਪਰ ਫ਼ਿਕਰ ਨਾ ਕਰੋ, ਜੋ ਮੇਰੇ ਨਾਲ ਬੀਤੀ ਹੈ ਉਹ ਕੱਲ੍ਹ ਤੁਹਾਡੇ ਨਾਲ ਵੀ ਬੀਤ ਸਕਦੀ ਹੈ। ਉਸ ਵੇਲੇ ਇਹ ਹੀ ਹੋਵੇਗਾ ਕਿ ਜਿਹੜਾ ਨੰਨ੍ਹਾ ਬੱਚਾ ਤੁਹਾਡੀ ਗੋਦ ਵਿਚ ਇਸ ਵੇਲੇ ਖੇਡ ਰਿਹਾ ਹੈ, ਉਹ ਕੱਲ੍ਹ ਉਥੇ ਨਹੀਂ ਰਹੇਗਾ...।

*(ਉਹ ਚਲਾ ਜਾਂਦਾ ਹੈ, ਦਰਸ਼ਕਾਂ ਵਿਚ ਸੱਨਾਟਾ ਛਾ ਜਾਂਦਾ ਹੈ। ਸਪਾਟ ਲਾਈਟ ਸਭ ਤੋਂ ਉਤਲੀ ਪੱਧਰ 'ਤੇ ਲੋਕ ਸਭਾ ਦੇ ਪਾਤਰਾਂ 'ਤੇ ਪੈਂਦੀ ਹੈ, ਜਿਥੇ ਆਪੋਜੀਸ਼ਨ (ਅ) ਅਤੇ ਸਰਕਾਰ (ਸ) ਦੇ ਦਰਮਿਆਨ ਸਵਾਲ-ਜਵਾਬ ਹੁੰਦੇ ਹਨ।)*

ਅ : ਮੈਂ ਸਰਕਾਰ ਕੋਲੋਂ ਸਵਾਲ ਪੁੱਛਣਾ ਚਾਹੁੰਦਾ ਹਾਂ।

ਸ : ਸਰਕਾਰ ਆਪੋਜੀਸ਼ਨ ਨੂੰ ਜਵਾਬ ਦੇਣ ਲਈ ਤਿਆਰ ਹੈ।

ਅ : ਖਾਣ-ਪੀਣ ਵਾਲੀਆਂ ਤੇ ਹੋਰ ਚੀਜ਼ਾਂ ਵਿਚ ਜਿਹੜੀ ਮਿਲਾਵਟ ਹੋ ਰਹੀ ਹੈ, ਸਰਕਾਰ ਉਹਦੇ ਬਾਰੇ ਕੀ ਕਰ ਰਹੀ ਹੈ ?

ਸ : ਸਰਕਾਰ ਉਹਦੇ ਬਾਰੇ ਜ਼ਰੂਰੀ ਕਾਰਵਾਈ ਕਰ ਰਹੀ ਹੈ।

ਅ : ਕੀ ਕਰ ਰਹੀ ਹੈ ?

ਸ : ਸਰਕਾਰ ਨੇ ਆਪਣੇ ਅਧਿਕਾਰੀਆਂ ਨੂੰ ਹੁਕਮ ਦਿੱਤਾ ਕਿ ਇਹ ਮਿਲਾਵਟ ਰੋਕੀ ਜਾਏ।

ਅ : ਫੇਰ ਇਹ ਰੁਕੀ ਕਿਉਂ ਨਹੀਂ ?

ਸ : ਕਿਉਂਕਿ ਲੋਕ ਬੇਈਮਾਨ ਹਨ।

ਅ : ਲੋਕ ਬੇਈਮਾਨ ਹਨ ਕਿ ਅਧਿਕਾਰੀ ਰਿਸ਼ਵਤਖੋਰ ਹਨ ?

ਸ : ਸਰਕਾਰ ਰਿਸ਼ਵਤ ਨੂੰ ਰੋਕਣ ਲਈ ਕਾਰਵਾਈ ਕਰ ਰਹੀ ਹੈ।

ਅ : ਕੀ ਕਾਰਵਾਈ ਕਰ ਰਹੀ ਹੈ ?

ਸ : ਸਰਕਾਰ ਨੇ ਪੰਜ ਸਾਲਾ ਪਲਾਨ ਵਿਚ ਪੰਜ ਕਰੋੜ ਦੀ ਰਕਮ ਇਸ ਮੰਤਵ ਲਈ ਰੱਖੀ ਹੈ ਕਿ ਲੋਕਾਂ ਵਿਚ ਰਿਸ਼ਵਤ ਦੇ ਵਿਰੁੱਧ ਪ੍ਰਚਾਰ ਕੀਤਾ ਜਾਏ ਅਤੇ ਸਰਕਾਰ ਨੂੰ ਇਸ ਬਾਰੇ ਜੋ ਰਿਪੋਰਟਾਂ ਮਿਲੀਆਂ ਹਨ, ਉਨ੍ਹਾਂ ਦੇ ਅਨੁਸਾਰ ਪਰਾਗਰੈਸ ਬੜੀ ਤਸੱਲੀਬਖਸ਼ ਹੈ। ਪੰਜ ਕਰੋੜ ਵਿਚੋਂ ਤਿੰਨ ਕਰੋੜ ਖਰਚ ਹੋ ਚੁੱਕਿਆ ਹੈ।

ਅ : ਇਸ ਤਾ ਨਤੀਜਾ ਕੀ ਨਿਕਲਿਆ ਹੈ ?

ਸ : ਸਰਕਾਰ ਦਾ ਕੰਮ ਨਤੀਜੇ ਵੇਖਣਾ ਨਹੀਂ, ਸਗੋਂ ਕੰਮ ਕਰਨਾ ਹੈ ਅਤੇ ਸਰਕਾਰ ਕੰਮ ਕਰ ਰਹੀ ਹੈ।

ਅ : ਕੀ ਕੰਮ ਕਰ ਰਹੀ ਹੈ।

ਸ : ਔਹ ਵੇਖੋ।

*(ਸਪਾਟ ਲਾਈਟ ਹੁਣ ਦਰਮਿਆਨੀ ਪੱਧਰ 'ਤੇ ਮੰਚ 'ਤੇ ਪੈਂਦੀ ਹੈ। ਇਕ ਸਰਕਾਰੀ ਅਫ਼ਸਰ ਟੈਲੀਫ਼ੋਨ ਕਰ ਰਿਹਾ ਹੈ।)*

ਅਫ਼ਸਰ : ਹਾਂ ਜੀ ਮੈਂ ਪਬਲਿਸਿਟੀ ਅਫ਼ਸਰ ਬੋਲ ਰਿਹਾ ਹਾਂ... ਕੀ ਪੁੱਛਿਆ ਰਿਸ਼ਵਤ ਵਿਰੁੱਧ ਮੁਹਿੰਮ ਬਾਰੇ ਅਸੀਂ ਕੀ ਕਦਮ ਚੁੱਕੇ ਹਨ, ਜੀ ਬੜੇ ਕਦਮ ਚੁੱਕੇ ਹਨ, ਅਸੀਂ ਦੋ ਲੱਖ ਇਸ਼ਤਿਹਾਰ ਵੱਖ ਵੱਖ ਸ਼ਹਿਰਾਂ ਵਿਚ

ਲਗਵਾਏ ਹਨ। ਮੰਤਰੀ ਹੁਰਾਂ ਦੀ ਵੱਡੀ ਤਸਵੀਰ ਤਿੰਨ ਰੰਗੇ ਬਲਾਕਾਂ ਵਿਚ ਬਣਵਾਈ ਹੈ। ਦਿੱਸਣ ਵਾਲੇ ਦੰਦ ਸਿਰਫ਼ ਚਿੱਟੇ ਰਹਿਣ ਦਿੱਤੇ ਹਨ। ਦਿਲ ਵਾਲੀ ਥਾਂ ਅਸੀਂ ਕਾਲੀ ਫਤੂਹੀ ਪਾਈ ਹੈ। ਹੱਥ ਲਹੂ ਰੰਗੇ ਬਣਾਏ ਹਨ। ਸ਼ਬਦ ਹਰੇ ਇਨਕਲਾਬ ਦੇ ਹਰੇ ਰੰਗ ਵਿਚ ਲਿਖੇ ਹਨ... ਕੀ ਪੁੱਛਿਆ ਕੀ ਸ਼ਬਦ ? ਹਰ ਕਿਸਮ ਦੇ ਸ਼ਬਦ ਜਿਸ ਤਰ੍ਹਾਂ ਰਿਸ਼ਵਤ ਲੈਣਾ ਤੇ ਦੇਣਾ ਪਾਪ ਹੈ, ਰਿਸ਼ਵਤਖੋਰ ਦੇਸ਼ ਦੇ ਸਭ ਤੋਂ ਵੱਡੇ ਦੁਸ਼ਮਨ ਹਨ... ਕੀ ਪੁੱਛਿਆ ਰੇਟ ਪ੍ਰਤੀ ਇਸ਼ਤਿਹਾਰ ਕੀ ਦਿੱਤਾ ਹੈ ? ਜੀ ਰੇਟ ਜੋ ਫਰਮ ਨੇ ਮੰਗਿਆ ਉਹ ਦੇਣਾ ਹੀ ਸੀ ਕਿਉਂਕਿ ਮੰਤਰੀ ਹੁਰਾਂ ਨੇ ਆਪ ਹੀ ਫਰਮ ਦੀ ਸਿਫਾਰਸ਼ ਕੀਤੀ ਸੀ, ਭਾਵੇਂ ਮਾਰਕੀਟ ਵਿੱਚ ਇਸ ਤੋਂ ਅੱਧੀ ਕੀਮਤ 'ਤੇ ਮੈਂ ਕੰਮ ਕਰਵਾ ਸਕਦਾ ਸੀ... ਹਾਂ ਜੀ ਇਹ ਤੁਸੀਂ ਠੀਕ ਹੀ ਆਖਿਆ, ਉਨ੍ਹਾਂ ਨੇ ਵੀ ਤਾਂ ਇਲੈਕਸ਼ਨਾਂ ਦਾ ਖ਼ਰਚ ਕਿਧਰੋਂ ਨਾ ਕਿਧਰੋਂ ਕੱਢਣਾ ਹੀ ਹੋਇਆ... ਤੁਸੀਂ ਮਹਿਕਮੇ ਦੇ ਦਸਵੰਧ ਦਾ ਫ਼ਿਕਰ ਨਾ ਕਰੋ ਜੀ, ਉਹ ਤਾਂ ਮੈਂ ਕੱਢ ਹੀ ਲਿਆ ਹੈ, ਇਹ ਮੰਤਰੀ ਆਉਂਦੇ-ਜਾਂਦੇ ਰਹਿੰਦੇ ਹਨ, ਅਸੀਂ ਤਾਂ ਜਨਾਬ ਇਥੇ ਹੀ ਰਹਿਣਾ ਹੈ... ਜੈ ਹਿੰਦ ਜਨਾਬ।

*(ਸਪਾਟ ਲਾਈਟ ਹੁਣ ਦਰਮਿਆਨੀ ਪੱਧਰ 'ਤੇ ਫਿਰ ਸਭਾ ਦੀ ਪੱਧਰ 'ਤੇ ਪੈਂਦੀ ਹੈ, ਅਪੋਜੀਸ਼ਨ ਅਤੇ ਸਰਕਾਰ ਦਾ ਪਾਤਰ ਵਾਦ-ਵਿਵਾਦ ਕਰ ਰਹੇ ਹਨ।)*

ਅ : ਮੈਂ ਸਰਕਾਰ ਕੋਲੋਂ ਸਵਾਲ ਪੁੱਛਣਾ ਚਾਹੁੰਦਾ ਹਾਂ।

ਸ : ਸਰਕਾਰ ਜਵਾਬ ਦੇਣ ਲਈ ਤਿਆਰ ਹੈ।

ਅ : ਰਿਸ਼ਵਤ ਅਤੇ ਦਸਵੰਧ ਵਿਚ ਕੀ ਫ਼ਰਕ ਹੈ ?

ਸ : ਇਕ ਰਾਜਨੀਤੀ ਦਾ ਸ਼ਬਦ ਹੈ ਦੂਜਾ ਧਰਮ ਮਰਯਾਦਾ ਦਾ ਸ਼ਬਦ ਹੈ।

ਅ : ਸਰਕਾਰ ਰਿਸ਼ਵਤ ਦੇ ਦਸਵੰਧ ਵਿਚੋਂ ਕਿਸ ਉਤੇ ਯਕੀਨ ਰੱਖਦੀ ਹੈ।

ਸ : ਕਿਆ ਬੇਹੂਦਾ ਸਵਾਲ ਹੈ।

ਅ : ਅਸੀਂ ਬੇਹੂਦਾ ਸਵਾਲ ਪੁੱਛਣ ਹੀ ਇਥੇ ਆਏ ਹਾਂ।

ਸ : ਪਰ ਮੈਂ ਇਸ ਦਾ ਜਵਾਬ ਦੇਣ ਲਈ ਤਿਆਰ ਨਹੀਂ।

ਅ : ਪਰ ਤੁਹਾਨੂੰ ਇਹਦਾ ਜਵਾਬ ਦੇਣਾ ਪਏਗਾ ਕਿਉਂਕਿ ਇਹਦੇ ਨਾਲ ਦੇਸ਼ ਦੇ ਲੱਖਾਂ ਲੋਕਾਂ ਦੀ ਜ਼ਿੰਦਗੀ ਮੌਤ ਦਾ ਸਵਾਲ ਹੈ।

ਸ : ਕੀ ਮਤਲਬ ?

ਅ : ਸਰਕਾਰ ਅਤੇ ਅਧਿਕਾਰੀਆਂ ਦੀ ਨਾਲਾਇਕੀ ਕਰਕੇ ਦੇਸ਼ ਦੇ ਇਕ ਹਿੱਸੇ ਵਿਚ ਕਾਲ ਪੈ ਗਿਆ ਹੈ।

ਸ : ਕਿੱਥੇ ਪਿਆ ਹੈ ? ਆਪੋਜੀਸ਼ਨ ਗੱਲ ਵਧਾ ਰਹੀ ਹੈ।

ਅ : ਉਹ ਵੇਖੋ।

*(ਸਪਾਟ ਲਾਈਟ ਹੁਣ ਸਾਧਾਰਨ ਪੱਧਰ 'ਤੇ ਪੈਂਦੀ ਹੈ। ਇਕ ਮਾਂ ਆਪਣੇ ਬੇਸੁੱਧ ਬੱਚੇ ਨੂੰ ਲੈ ਕੇ ਬੈਠੀ ਹੈ, ਉਹਦਾ ਘਰ ਵਾਲਾ ਇਕ ਗ਼ਰੀਬ ਕਿਸਾਨ ਆਉਂਦਾ ਹੈ।)*

ਕਿਸਾਨ : ਰਾਧੇ ਨਿੱਕੇ ਦਾ ਕੀ ਹਾਲ ਏ ਹੁਣ ?

ਮਾਂ : ਬੇਸੁੱਧ ਪਿਆ ਹੈ, ਕਹਿੰਦਾ ਸੀ ਢਿੱਡ ਪੀੜ ਏ, ਮੈਂ ਪੱਤਿਆਂ ਦਾ ਸਾਗ ਦਿੱਤਾ, ਥੋੜ੍ਹਾ ਜਿਹਾ ਖਾਧਾ, ਫਿਰ ਉਲਟੀ ਹੋ ਗਈ ਤੇ ਬੇਸੁੱਧ ਹੋ ਗਿਆ।

ਕਿਸਾਨ : ਨਿਢਾਲ ਹੋ ਗਿਆ ਹੋਣਾ ਵਿਚਾਰਾ।

ਮਾਂ : ਕੋਈ ਚੌਲਾਂ ਦਾ ਬੰਦੋਬਸਤ ਹੋਇਆ ?

ਕਿਸਾਨ : ਨਾ, ਚੌਲਾਂ ਦਾ ਇਕ ਦਾਣਾ ਵੀ ਨਹੀਂ।

ਮਾਂ : ਕਹਿੰਦੇ ਨੇ ਕਾਲੇ ਬਾਜ਼ਾਰ ਵਿਚ ਸਭ ਕੁਝ ਮਿਲ ਜਾਂਦਾ ਏ।

ਕਿਸਾਨ : ਹਾਂ ਕਾਲੇ ਬਾਜ਼ਾਰ ਵਿਚ ਸਭ ਕੁਝ ਮਿਲ ਜਾਂਦਾ ਏ।

ਮਾਂ : ਜੇ ਚੌਲ ਨਾ ਮਿਲੇ ਤਾਂ ਮੈਨੂੰ ਡਰ ਏ...।

ਕਿਸਾਨ : ਤੈਨੂੰ ਡਰ ਏ ਕਿ ਲਲਵਾ ਵਾਂਗ ਇਹ ਵੀ ਨਾ ਮਰ ਜਾਏ...। ਸਾਨੂੰ ਸਭ ਨੂੰ ਮਰ ਜਾਣਾ ਚਾਹੀਦਾ ਹੈ।

ਮਾਂ : ਕਿਹੋ ਜਿਹੀਆਂ ਅਵੱਲੀਆਂ ਗੱਲਾਂ ਕਰਨਾ ਏਂ ?

ਕਿਸਾਨ : ਅਵੱਲੀਆਂ ਨਾ ਕਰਾਂ, ਇਹ ਹੱਥ, ਜਿਨ੍ਹਾਂ ਨੇ ਹਜ਼ਾਰਾਂ ਮਣ ਧਾਨ ਆਪਣੇ ਹੱਥਾਂ ਨਾਲ ਉਗਾਇਆ ਹੋਵੇ, ਉਹ ਚੌਲ ਦੇ ਇਕ-ਇਕ ਦਾਣੇ ਪਿੱਛੇ ਤਰਸਣ ਤਾਂ ਇਹਦੇ ਨਾਲੋਂ ਮੌਤ ਹੀ ਚੰਗੀ...।

*(ਸਪਾਟ ਲਾਈਟ ਫੇਰ ਲੋਕ ਸਭਾ 'ਤੇ ਪੈਂਦੀ ਹੈ।)*

ਅ : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਸਰਕਾਰ ਕਾਲ ਨੂੰ ਰੋਕਣ ਵਾਸਤੇ ਕੀ ਕਰ ਰਹੀ ਹੈ।

ਸ : ਸਰਕਾਰ ਜ਼ਰੂਰੀ ਕਦਮ ਚੁੱਕ ਰਹੀ ਹੈ।

ਅ : ਕੀ ਕਦਮ ?

ਸ : ਸਰਕਾਰ ਨੇ ਸਾਰਿਆਂ ਨਾਲੋਂ ਪਹਿਲੇ ਹਵਾਈ ਜਹਾਜ਼ ਰਾਹੀਂ ਇਲਾਕੇ ਦਾ ਸਰਵੇਖਣ ਕੀਤਾ ਹੈ।

ਅ : ਉਥੇ ਕੀ ਦੇਖਿਆ ?

ਸ : ਉਥੇ ਲੋਕ ਕੀੜਿਆਂ ਵਾਂਗ ਦਿੱਸੇ।

ਅ : ਕੀ ਕੀੜੇ ਵਾਕਈ ਭੁੱਖੇ ਸਨ ?

ਸ : ਹਾਂ।

ਅ : ਫੇਰ ਸਰਕਾਰ ਨੇ ਕੀ ਕੀਤਾ ?

ਸ : ਸਰਕਾਰ ਨੇ ਆਪਣੇ ਅਧਿਕਾਰੀਆਂ ਨੂੰ ਹੁਕਮ ਦਿੱਤਾ ਕਿ ਭੁੱਖੇ ਲੋਕਾਂ ਨੂੰ ਖ਼ੁਰਾਕ ਪੁਚਾਈ ਜਾਵੇ।

ਅ : ਕੀ ਖ਼ੁਰਾਕ ਪੁੱਜੀ ?

ਸ : ਨਹੀਂ।

ਅ : ਕਿਉਂ ?

ਸ : ਕਿਉਂਕਿ ਗੱਡੀਆਂ ਬੰਦ ਨੇ।

ਅ : ਗੱਡੀਆਂ ਕਿਉਂ ਬੰਦ ਨੇ ?

ਸ : ਕਿਉਂਕਿ ਕੋਲਾ ਨਹੀਂ ਮਿਲਿਆ।

ਅ : ਕੋਲਾ ਕਿਉਂ ਨਹੀਂ ਮਿਲਿਆ ?

ਸ : ਕਿਉਂਕਿ ਖਾਨਾਂ ਵਿਚ ਹੜਤਾਲ ਏ।

ਅ : ਹੜਤਾਲ ਕਿਉਂ ਏ ?

ਸ : ਮਜ਼ਦੂਰ ਤਨਖਾਹ ਬਹੁਤੀ ਮੰਗਦੇ ਨੇ।

ਅ : ਕਿਉਂ ?

ਸ : ਕਹਿੰਦੇ ਨੇ ਮਹਿੰਗਾਈ ਵਧ ਗਈ ਏ।

ਅ : ਕੀ ਮਹਿੰਗਾਈ ਨਹੀਂ ਵਧੀ ?

ਸ : ਸਰਕਾਰ ਨੇ ਇਸ ਬਾਰੇ ਕਮਿਸ਼ਨ ਮੁਕੱਰਰ ਕੀਤਾ ਹੈ।

ਅ : ਕਿਸ ਲਈ ?

ਸ : ਇਹ ਵੇਖਣ ਲਈ ਕਿ ਮਹਿੰਗਾਈ ਕਿੰਨੀ ਵਧੀ ਏ ?

ਅ : ਕਮਿਸ਼ਨ ਮੁਕੱਰਰ ਕਰਨ ਦੀ ਕੀ ਲੋੜ ਹੈ, ਜਦੋਂ ਅਖ਼ਬਾਰਾਂ ਵਿਚ ਰੋਜ਼ ਅੰਕੜੇ ਨਿਕਲਦੇ ਨੇ।

ਸ : ਸਰਕਾਰ ਅਖ਼ਬਾਰੀ ਖ਼ਬਰਾਂ 'ਤੇ ਨਹੀਂ ਚਲਦੀ, ਉਹ ਆਪਣੇ ਅੰਕੜੇ ਆਪ ਲੈਂਦੀ ਏ।

ਅ : ਉਹ ਕਿਸ ਤਰ੍ਹਾਂ ?

ਸ : ਸਰਕਾਰ ਸਾਰਿਆਂ ਨਾਲੋਂ ਪਹਿਲੇ ਇਲਾਕੇ ਦੇ ਕਮਿਸ਼ਨਰ ਨੂੰ ਪੁੱਛਦੀ ਏ, ਕਮਿਸ਼ਨਰ, ਡਿਪਟੀ ਕਮਿਸ਼ਨਰ ਨੂੰ ਪੁੱਛਦਾ ਏ, ਡਿਪਟੀ ਕਮਿਸ਼ਨਰ ਤਹਿਸੀਲਦਾਰ ਨੂੰ ਪੁੱਛਦਾ ਏ ਤੇ ਪਟਵਾਰੀ...

ਅ : ਤੇ ਪਟਵਾਰੀ ਕਿਸੇ ਨੂੰ ਨਹੀਂ ਪੁੱਛਦਾ ?

ਸ : ਸਰਕਾਰਾਂ ਇਸੇ ਤਰ੍ਹਾਂ ਕਾਇਦੇ ਨਾਲ ਚਲਦੀਆਂ ਹਨ।

ਅ : ਪਰ ਇਹ ਅੰਕੜੇ ਲੈਂਦਿਆਂ ਕਿੰਨਾ ਚਿਰ ਲਗਦਾ ਏ ?

ਸ : ਕਾਇਦੇ ਨਾਲ ਕੰਮ ਕਰਨ ਵਿਚ ਵਕਤ ਤਾਂ ਲਗਦਾ ਏ।

ਅ : ਜਿੰਨਾ ਚਿਰ ਇਹ ਅੰਕੜੇ ਇਕੱਠੇ ਹੁੰਦੇ ਨੇ, ਕੀ ਮਹਿੰਗਾਈ ਹੋਰ ਨਹੀਂ ਵਧ ਜਾਂਦੀ ?

ਸ : ਵਧ ਜਾਂਦੀ ਏ, ਜ਼ਰੂਰ ਵਧ ਜਾਂਦੀ ਏ।

ਅ : ਸਰਕਾਰ ਫੇਰ ਕੀ ਕਰਦੀ ਏ ?

ਸ : ਸਰਕਾਰ ਦੁਬਾਰਾ ਅੰਕੜੇ ਇਕੱਠੇ ਕਰਦੀ ਹੈ, ਉਹ ਫੇਰ ਕਮਿਸ਼ਨਰ ਨੂੰ ਲਿਖਦੀ ਹੈ।

ਅ : ਤੇ ਕਮਿਸ਼ਨਰ ਅੱਗੋਂ ਡਿਪਟੀ ਕਮਿਸ਼ਨਰ, ਤਹਿਸੀਲਦਾਰ, ਕਾਨੂੰਗੋ, ਪਟਵਾਰੀ ਨੂੰ ਮਿਲਦਾ ਹੈ, ਕਿਆ ਮਜ਼ਾਕ ਹੈ ?

ਸ : ਕਾਇਦਾ ਤਾਂ ਕਾਇਦਾ ਹੀ ਹੈ, ਜੇ ਕੋਈ ਇਸ ਨੂੰ ਮਜ਼ਾਕ ਸਮਝੇ ਤਾਂ ਉਹ ਉਹਦੀ ਮੂਰਖਤਾ ਹੈ।

*(ਹੇਠਲੇ ਪੱਧਰ ਤੋਂ ਚੀਕ ਦੀ ਆਵਾਜ਼ ਆਉਂਦੀ ਹੈ, ਮਾਂ ਦਾ ਪੁੱਤਰ ਮਰ ਗਿਆ ਹੈ)*

ਸ : ਇਹ ਚੀਕ ਕਿਸ ਗੱਲ ਦੀ ਏ ?

ਅ : ਇਕ ਮਾਂ ਦਾ ਪੁੱਤਰ ਮਰ ਗਿਆ।

ਸ : ਸਰਕਾਰ ਨੂੰ ਇਸ ਗੱਲ ਦਾ ਬੜਾ ਅਫ਼ਸੋਸ ਹੈ।

ਅ : ਇਹ ਸਰਕਾਰ ਦੀ ਨਾਲਾਇਕੀ ਕਰਕੇ ਭੁੱਖ ਨਾਲ ਮਰਿਆ ਹੈ।

ਸ : ਨਹੀਂ, ਉਹ ਬਿਮਾਰ ਹੋ ਕੇ ਮਰਿਆ ਹੈ।

ਅ : ਉਹ ਬਿਮਾਰ ਤਾਂ ਹੋਇਆ ਕਿਉਂਕਿ ਉਹ ਭੁੱਖਾ ਸੀ।

ਸ : ਨਹੀਂ ਉਹ ਬਿਮਾਰ ਤਾਂ ਹੋਇਆ ਕਿਉਂਕਿ ਉਸ ਨੇ ਪੱਤਿਆਂ ਦਾ ਸਾਗ ਖਾਧਾ ਸੀ।

ਅ : ਪਰ ਉਸ ਨੇ ਪੱਤਿਆਂ ਦਾ ਸਾਗ ਇਸ ਲਈ ਖਾਧਾ ਸੀ ਕਿਉਂਕਿ ਉਹ ਭੁੱਖਾ ਸੀ।

ਸ : ਪਰ ਟੈਕਨੀਕਲੀ ਉਹ ਬਿਮਾਰ ਹੋ ਕੇ ਮਰਿਆ ਹੈ।

ਅ : ਨਹੀਂ, ਉਹ ਭੁੱਖ ਨਾਲ ਮਰਿਆ।

ਸ : ਮੈਂ ਆਪਣੇ ਪੱਖ ਵਿਚ ਸੌ ਸਬੂਤ ਪੇਸ਼ ਕਰ ਸਕਦਾ ਹਾਂ।

ਅ : ਮੈਂ ਆਪਣੇ ਪੱਖ ਵਿਚ ਹਜ਼ਾਰ ਸਬੂਤ ਪੇਸ਼ ਕਰ ਸਕਦਾ ਹਾਂ।

ਸ : ਸਰਕਾਰ ਇਸ ਬਾਰੇ ਕਮਿਸ਼ਨ ਬਿਠਾਉਣ ਲਈ ਤਿਆਰ ਏ ਕਿ ਬੱਚਾ ਭੁੱਖ ਨਾਲ ਮਰਿਆ ਏ ਕਿ ਬਿਮਾਰੀ ਨਾਲ।

ਅ : ਪਰ ਅਸੀਂ ਜੁਡਿਸ਼ਲ ਇਨਕੁਆਰੀ ਦੀ ਮੰਗ ਕਰਦੇ ਹਾਂ।

ਸ : ਸਰਕਾਰ ਇਹ ਮੰਗ ਨਹੀਂ ਮੰਨ ਸਕਦੀ।

ਅ : ਸਰਕਾਰ ਨੂੰ ਇਹ ਮੰਨਣੀ ਹੀ ਪਵੇਗੀ, ਨਹੀਂ ਤਾਂ ਅਸੀਂ ਅੰਦੋਲਨ

ਕਰਨ 'ਤੇ ਮਜ਼ਬੂਰ ਹੋਵਾਂਗੇ।

ਸ : ਕਿਸ ਕਿਸਮ ਦਾ ਅੰਦੋਲਨ ?

ਅ : ਪੁਰਅਮਨ ਅੰਦੋਲਨ।

ਸ : ਸਰਕਾਰ ਉਸ ਅੰਦੋਲਨ ਨੂੰ ਕੁਚਲ ਦੇਵੇਗੀ।

ਅ : ਕਿਸ ਤਰ੍ਹਾਂ ?

ਸ : ਉਹ ਲੀਡਰਾਂ ਨੂੰ ਗ੍ਰਿਫ਼ਤਾਰ ਕਰ ਲਏਗੀ।

ਅ : ਅਸੀਂ ਗ੍ਰਿਫ਼ਤਾਰ ਹੋਣ ਲਈ ਤਿਆਰ ਹਾਂ।

ਸ : ਸਰਕਾਰ ਜੇਲ੍ਹਾਂ ਭਰਨ ਲਈ ਤਿਆਰ ਏ।

ਅ : ਪਰ ਇਹ ਕਿੰਨੀ ਦੇਰ ਚਲਦਾ ਰਹੇਗਾ ?

ਸ : ਜਿੰਨਾ ਚਿਰ ਤੁਹਾਡਾ ਜੋਸ਼ ਠੰਢਾ ਨਹੀਂ ਹੋ ਜਾਂਦਾ।ਫੇਰ ਅਸੀਂ ਤੁਹਾਨੂੰ ਜੇਲ੍ਹ ਤੋਂ ਬਾਹਰ ਕੱਢ ਦੇਵਾਂਗੇ।

ਅ : ਅਸੀਂ ਇਸ ਤਰ੍ਹਾਂ ਨਹੀਂ ਹੋਣ ਦੇਵਾਂਗੇ।

ਸ : ਅਸੀਂ ਇਸ ਤਰ੍ਹਾਂ ਹੀ ਕਰਾਂਗੇ।

ਅ : ਅਸੀਂ ਜਨਤਾ ਦੀ ਆਵਾਜ਼ ਹਾਂ।

ਸ : ਨਹੀਂ ਅਸੀਂ ਜਨਤਾ ਦੀ ਆਵਾਜ਼ ਹਾਂ।

ਅ : ਨਹੀਂ ਅਸੀਂ ਹਾਂ।

ਸ : ਨਹੀਂ ਅਸੀਂ ਹਾਂ।

*(ਦੋਨਾਂ ਦਾ ਰੌਲਾ ਵੱਧਦਾ ਹੈ, ਜਦੋਂ ਮਾਂ ਤੇ ਉਹਦੇ ਨਾਲ ਉਹ ਬਾਵਰਾ ਆਦਮੀ ਸਪਾਟ-ਲਾਈਟ ਥੱਲੇ ਆਉਂਦੇ ਹਨ, ਉਹ ਚੀਕ ਕੇ ਕਹਿੰਦੇ ਹਨ)*

ਮਾਂ : ਚੁੱਪ ਕਰੋ, ਤੁਸੀਂ ਕੁਝ ਵੀ ਨਹੀ, ਸਿਰਫ਼ ਵਾਦ-ਵਿਵਾਦ ਹੋ।

ਆਦਮੀ : ਬੇਸੁਰ ਸਾਜ਼ ਹੋ।

ਮਾਂ : ਸਾਲਾਂ ਬੱਧੀ ਜ਼ਿੰਦਗੀ ਤੜਪਦੀ ਰਹੀ ਅਤੇ ਤੁਸੀਂ ਸ਼ੁਰਲੀਆਂ ਛੱਡਦੇ ਰਹੇ, ਸ਼ੂੰ... ਸ਼ੂੰ ਤੇ ਬਸ ਠੁੱਸ।

ਆਦਮੀ : ਸਾਲਾਂ ਬੱਧੀ ਜ਼ਿੰਦਗੀ ਮਰਦੀ ਰਹੀ ਤੇ ਤੁਸੀਂ ਸਵਾਲ-ਜਵਾਬ ਕਰਦੇ ਰਹੇ।

ਸਰਕਾਰ : ਤੁਸੀਂ ਸਾਡਾ ਸਵਾਲ-ਜਵਾਬ ਕਰਨ ਦਾ ਹੱਕ ਨਹੀਂ ਖੋਹ ਸਕਦੇ।

ਅਪੋਜੀਸ਼ਨ : ਅਸੀਂ ਆਏ ਹੀ ਇਥੇ ਇਸ ਲਈ ਹਾਂ ਕਿ ਅਸੀਂ ਸਵਾਲ ਕਰੀਏ, ਉਹ ਜਵਾਬ ਦੇਵੇ।

ਆਦਮੀ : ਤੇ ਗੱਲ, ਉਥੇ ਦੀ ਉਥੇ ਰਵ੍ਹੇ।

ਸਰਕਾਰ : ਜਮਹੂਰੀਅਤ ਵਿਚ ਇਸ ਤਰ੍ਹਾਂ ਹੀ ਹੁੰਦਾ ਹੈ, ਇਕ ਸਵਾਲ ਕਰਦਾ ਹੈ ਅਤੇ ਦੂਜਾ ਜਵਾਬ ਦੇਂਦਾ ਹੈ।

ਮਾਂ : ਤੁਹਾਡੀ ਜਮਹੂਰੀਅਤ ਇਕ ਫਰੇਬ ਏ।

ਆਦਮੀ : ਪੈਸੇ ਵਾਲਿਆਂ ਦੀ ਖੇਡ ਏ।

ਸਰਕਾਰ : ਅਸੀਂ ਇਹ ਖੇਡਦੇ ਜੁ ਹਾਂ, ਸਾਨੂੰ ਬਹੁਗਿਣਤੀ ਨੇ ਚੁਣਿਆ ਏ ਕਿ ਅਸੀਂ ਤੁਹਾਡੇ ਉੱਤੇ ਹਕੂਮਤ ਕਰੀਏ।

ਮਾਂ : ਬਹੁ-ਗਿਣਤੀ ਨੇ ਨਹੀਂ-ਕੁਝ ਕੁ ਨੇ।

ਅਪੋਜੀਸ਼ਨ : ਉਹ ਕਿਸ ਤਰ੍ਹਾਂ ?

ਆਦਮੀ : ਮੈਂ ਦੱਸਦਾ ਹਾਂ।

ਸਰਕਾਰ : ਤੂੰ?

ਆਦਮੀ : ਹਾਂ ਮੈਂ ਸਕੂਲ ਮਾਸਟਰ ਹਾਂ, ਇਹ ਤਾਂ ਹਿਸਾਬ ਹੀ ਸਿੱਧਾ ਏ, ਦੇਸ਼ ਦੀ ਕਰੋੜਾਂ ਦੀ ਆਬਾਦੀ ਵਿਚੋਂ ਸਿਰਫ਼ 50 ਫ਼ੀਸਦੀ ਦੀ ਵੋਟ ਬਣਦੀ ਏ, ਉਸ ਵਿਚੋਂ ਅੱਗੇ ਸਿਰਫ਼ 50 ਫ਼ੀਸਦੀ ਹੀ ਵੋਟ ਪਾਉਂਦੇ ਨੇ, ਅੱਗੋਂ ਜਿਹੜਾ ਜਿਤਦਾ ਹੈ, ਉਸਨੂੰ ਔਸਤਨ 35 ਫ਼ੀਸਦੀ ਵੋਟਾਂ ਪਈਆਂ ਹੁੰਦੀਆਂ ਹਨ, ਇਸ ਤਰ੍ਹਾਂ ਤੁਸੀਂ ਸਿਰਫ਼ 8-9 ਫ਼ੀਸਦੀ ਲੋਕਾਂ ਦੇ ਨੁਮਾਇੰਦੇ ਹੋ।

ਮਾਂ : ਅਸੀਂ ਤੁਹਾਡੀ ਇਸ ਜਮਹੂਰੀਅਤ ਦੀ ਬਾਦਸ਼ਾਹਤ ਨਹੀਂ ਕਰ ਸਕਦੇ।

ਸਰਕਾਰ : ਤੁਹਾਨੂੰ ਕਰਨੀ ਪਵੇਗੀ।

ਆਦਮੀ : ਜੇ ਨਾ ਕਰੀਏ ?

ਸਰਕਾਰ : ਤਾਂ ਸਾਡੀ ਫ਼ੌਜ, ਸਾਡੀ ਪੁਲਿਸ ਤੁਹਾਨੂੰ ਕੁਚਲ ਦੇਵੇਗੀ।

ਮਾਂ : ਕਿੰਨਿਆਂ ਨੂੰ ਕੁਚਲੇਗੀ ?

ਸਰਕਾਰ : ਜਿੰਨੇ ਉਠਣਗੇ।

ਆਦਮੀ : ਵੇਖੀ ਜਾਏਗੀ...

*(ਉਹ ਵੱਟਾ ਚੁੱਕ ਕੇ ਸਰਕਾਰ ਨੂੰ ਮਾਰਦਾ ਹੈ। ਦੂਜੇ ਪਾਸੇ ਮਾਂ ਮਾਰਦੀ ਹੈ, ਵੇਖਦਿਆਂ ਵੇਖਦਿਆਂ ਉਨ੍ਹਾਂ 'ਤੇ ਵੱਟਿਆਂ ਦੀ ਵਰਖਾ ਹੋ ਜਾਂਦੀ ਹੈ- ਸਰਕਾਰ ਅਤੇ ਅਪੋਜੀਸ਼ਨ ਵਾਲੇ ਘਬਰਾ ਜਾਂਦੇ ਹਨ।)*

ਅਪੋਜੀਸ਼ਨ : ਦੇਖੋ ਸਾਥੀਓ, ਕਾਨੂੰਨ ਨੂੰ ਆਪਣੇ ਹੱਥ ਨਾ ਲਵੋ।

ਮਾਂ : ਕਿਹੜਾ ਕਾਨੂੰਨ ?

ਸਰਕਾਰ : ਜਿਹੜਾ ਅਸੀਂ ਤੁਹਾਡੇ ਲਈ ਬਣਾਇਆ ਏ।

ਆਦਮੀ : ਉਹ ਕਾਨੂੰਨ ਜਿਹੜਾ ਰਿਸ਼ਵਤ ਨੂੰ ਜਨਮ ਦੇਂਦਾ ਏ।

ਮਾਂ : ਉਹ ਕਾਨੂੰਨ ਜਿਹੜਾ ਸਾਨੂੰ ਭੁੱਖਾ ਮਾਰਦਾ ਹੈ।

ਆਦਮੀ : ਉਹ ਕਾਨੂੰਨ ਜਿਹੜਾ ਨਕਲੀ ਦਵਾਈਆਂ ਨੂੰ ਜਨਮ ਦੇਂਦਾ ਏ।

ਮਾਂ : ਉਹ ਕਾਨੂੰਨ ਜਿਹੜਾ ਗ਼ਰੀਬਾਂ ਦੀ ਪੱਤ ਲੁੱਟਦਾ ਏ।

ਆਦਮੀ : ਉਹ ਕਾਨੂੰਨ ਜਿਹੜਾ ਪੈਸੇ ਨਾਲ ਵਿਕ ਜਾਂਦਾ ਏ।

ਮਾਂ : ਅਸੀਂ ਇਸ ਕਾਨੂੰਨ ਨੂੰ ਨਹੀਂ ਮੰਨਦੇ।

*(ਫਿਰ ਵੱਟਿਆਂ ਦੀ ਬੁਛਾੜ ਸ਼ੁਰੂ ਹੋ ਜਾਂਦੀ ਹੈ। ਲੀਡਰ ਤੇ ਆਪੋਜੀਸ਼ਨ ਜਿਹੜੇ ਢਾਂਚੇ 'ਤੇ ਖੜੇ ਹਨ, ਉਹ ਹੌਲੀ-ਹੌਲੀ ਢਹਿਣਾ ਸ਼ੁਰੂ ਹੋ ਜਾਂਦਾ ਹੈ।)*

ਆਦਮੀ : ਦੇਖੋ ਇਨ੍ਹਾਂ ਦੀਆਂ ਬੁਨਿਆਦਾਂ ਹਿੱਲ ਗਈਆਂ ਹਨ।

ਮਾਂ : ਇਨ੍ਹਾਂ ਦੀਆਂ ਬੁਨਿਆਦਾਂ ਹੈਗੀਆਂ ਹੀ ਕਦੋ ਸਨ।

ਆਦਮੀ : ਇਹ ਮਜ਼ਬੂਤ ਉਸ ਵੇਲੇ ਤੱਕ ਹੀ ਸਨ ਜਿੰਨਾ ਚਿਰ ਅਸੀਂ ਕਮਜ਼ੋਰ ਸਾਂ...

*(ਸਰਕਾਰ ਅਤੇ ਆਪੋਜੀਸ਼ਨ ਵਾਲੇ ਥੱਲੇ ਡਿੱਗ ਪੈਂਦੇ ਹਨ, ਉਹ ਇਕ ਦੂਜੇ ਨੂੰ ਚੁੱਕਣ ਦੀ ਕੋਸ਼ਿਸ਼ ਕਰਦੇ ਹਨ।)*

ਸਰਕਾਰ : ਸਾਥੀਆ ਉੱਠ, ਤੂੰ ਖਲੋਏਂਗਾ ਤਾਂ ਹੀ ਮੈਂ ਖਲੋ ਸਕਾਂਗਾ।

ਅਪੋਜੀਸ਼ਨ : ਸਾਥੀਆ ਤੂੰ ਪਹਿਲੇ ਖਲੋ, ਤੇਰੇ ਆਸਰੇ ਹੀ ਮੈਂ ਖੜ੍ਹਾ ਸਾਂ।

*(ਪਰ ਢਾਂਚਾ ਟੁੱਟ ਚੁੱਕਾ ਹੈ, ਭਰਮ ਮੁੱਕ ਜਾਂਦਾ ਹੈ, ਉਹ ਖਲੋ ਨਹੀਂ ਸਕਦੇ।)*

ਸਰਕਾਰ : (ਡਿੱਗੇ ਹੋਏ) ਤੁਸੀਂ ਸਾਨੂੰ ਤਾਂ ਡੇਗ ਲਿਆ ਪਰ ਖੜ੍ਹਾ ਕਿਸ ਨੂੰ ਕਰੋਗੇ?

ਆਦਮੀ : ਤੁਹਾਨੂੰ ਇਸ ਦਾ ਫ਼ਿਕਰ ਕਰਨ ਦੀ ਲੋੜ ਨਹੀਂ, ਅਸੀਂ ਮੁੜ ਉਸਾਰੀ ਕਰਾਂਗੇ ਇਕ ਨਵੇਂ ਸਮਾਜ ਦੀ।

ਮਾਂ : ਹਾਂ, ਹਰ ਨਵੀਂ ਇਮਾਰਤ ਧਰਤੀ ਤੋਂ ਹੀ ਉਸਾਰੀ ਜਾਂਦੀ ਹੈ।

*(ਲੀਡਰ ਅਤੇ ਆਪੋਜੀਸ਼ਨ ਸਿਰ 'ਤੇ ਜੁੱਤੀਆਂ ਰੱਖ ਕੇ ਨੱਸ ਜਾਂਦੇ ਹਨ।ਖ਼ੁਸ਼ੀ ਦਾ ਇਕ ਸੰਗੀਤ ਵਜਦਾ ਹੈ।ਇਕ ਨਵੇਂ ਯੁੱਗ ਦਾ ਆਗਮਨ ਹੁੰਦਾ ਹੈ ਅਤੇ ਉਨ੍ਹਾਂ ਦਾ ਯੁੱਗ ਖ਼ਤਮ ਹੁੰਦਾ ਹੈ, ਜੋ ਲੋਕਾਂ ਦੀ ਕਿਸਮਤ ਉੱਤੇ ਹਵਾਈ ਗੋਲਿਆਂ ਨਾਲ ਖੇਡਦੇ ਹਨ।*

*(ਨੋਟ ਕੁਝ ਦਰਸ਼ਕਾਂ ਨੂੰ ਨਾਟਕ ਦਾ ਅੰਤ ਪਸੰਦ ਨਹੀਂ ਆਇਆ, ਉਹ ਜਮਹੂਰੀਅਤ ਦੇ ਗੋਲਿਆਂ ਨਾਲ ਹੀ ਮੰਚ ਤੋਂ ਬਾਹਰ ਚਲੇ ਜਾਂਦੇ ਹਨ।)*

*(ਸਮਾਪਤ)*